# ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:, ਫੇਜ਼-8 ਅਜੀਤਗੜ੍ਹ, ਮੁਹਾਲੀ

ਫੋਨ ਨੰਬਰ: 0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.),
ਸਮੂਹ ਜਿਲ੍ਹਾ ਨੋਡਲ ਅਫਸਰ (ਸੈਸਿ/ਐਸਿ),
ਸਮੂਹ ਬੀ.ਪੀ.ਈ.ਓਜ਼.,
ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ:1/5-2020 (ਵਿੱ.ਮੁਕ.)-੦੫
ਮਿਤੀ:30-6-2020

ਵਿਸ਼ਾ:- ਸਕੂਲ ਸਿੱਖਿਆ ਵਿਭਾਗ ਵੱਲੋਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 400ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਵਿਦਿਅਕ ਮੁਕਾਬਲਿਆਂ ਸਬੰਧੀ।

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2. ਉਪਰੋਕਤ ਵਿਸ਼ੇ ਸਬੰਧੀ ਸਕੂਲ ਸਿੱਖਿਆ ਵਿਭਾਗ ਵੱਲੋਂ ਮਿਤੀ 06-07-2020 ਤੋਂ 21-12-2020 ਤੱਕ ( ਕਲੰਡਰ ਨਾਲ ਨੱਥੀ ਹੈ) ਹੇਠ ਲਿਖੇ ਵਿਦਿਅਕ ਮੁਕਾਬਲੇ ਕਰਵਾਏ ਜਾ ਰਹੇ ਹਨ:-

I. ਸਬਦ ਗਾਇਨ
II. ਗੀਤ
III. ਕਵਿਤਾ ਉਚਾਰਨ
IV. ਭਾਸ਼ਣ ਮੁਕਾਬਲਾ
V. ਸੰਗੀਤਕ ਸਾਜੋ-ਸਮਾਨ ਵਜਾਉਣਾ (ਜਿਵੇਂ ਹਰਮੋਨੀਅਮ, ਤਬਲਾ, ਢੋਲਕ, ਤੂੰਬੀ, ਬੰਸਰੀ, ਸਾਰੰਗੀ,ਢੱਡ)।
VI. ਪੋਸਟਰ ਮੇਕਿੰਗ ਮੁਕਾਬਲੇ ।
VII. ਪੇਂਟਿੰਗ ਮੁਕਾਬਲੇ।
VIII. ਸਲੋਗਨ ਲਿਖਣ ਮੁਕਾਬਲਾ।
IX. ਸੁੰਦਰ ਲਿਖਾਈ ਮੁਕਾਬਲਾ।
X. ਪੀ.ਪੀ.ਟੀ. ਮੇਕਿੰਗ।
XI. ਦਸਤਾਰਬੰਦੀ ਮੁਕਾਬਲੇ

**ਨੋਟ:- ਉਪਰੋਕਤ ਮੁਕਾਬਲੇ ਸਿਰਫ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਫਲਸਫੇ, ਸਿੱਖਿਆਵਾਂ, ਬਾਣੀ, ਉਸਤਤਿ ਅਤੇ ਕੁਰਬਾਨੀ ਨਾਲ ਸਬੰਧਤ ਹੋਣਗੇ।**

3. ਇਨ੍ਹਾਂ ਪ੍ਰਤੀਯੋਗਤਾਵਾਂ ਵਿੱਚ ਸਿਰਫ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਹੀ ਭਾਗ ਲੈ ਸਕਦੇ ਹਨ।

4. ਹਰੇਕ ਆਈਟਮ ਤਿੰਨ ਪੱਧਰ (ਪ੍ਰਾਇਮਰੀ, ਮਿਡਲ ਤੇ ਸੈਕੰਡਰੀ) 'ਤੇ ਕਰਵਾਈਆਂ ਜਾਣਗੀਆਂ। ਇਸੇ ਤਰ੍ਹਾਂ ਹੀ Children with special needs (CWSN) ਦੇ ਵਿਦਿਆਰਥੀਆਂ ਦੇ ਮੁਕਾਬਲੇ ਵੀ ਤਿੰਨ ਪੱਧਰ (ਪ੍ਰਾਇਮਰੀ, ਮਿਡਲ ਤੇ ਸੈਕੰਡਰੀ) 'ਤੇ ਵੱਖਰੇ ਕਰਵਾਏ ਜਾਣਗੇ। ਇੱਕ ਵਿਦਿਆਰਥੀ ਵੱਧ ਤੋਂ ਵੱਧ 2 ਆਈਟਮਾਂ 'ਚ ਹਿੱਸਾ ਲੈ ਸਕੇਗਾ।

Director
S.C.E.R.T. Pb.

ਸਕੂਲ ਸਿੱਖਿਆ ਵਿਭਾਗ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ੪00ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਵਿਦਿਅਕ ਮੁਕਾਬਲਿਆਂ ਦੇ ਸੰਚਾਲਨ ਸਬੰਧੀ ਹਦਾਇਤਾਂ ਨਿਮਨ ਅਨੁਸਾਰ ਹਨ:-

**ੳ. ਮੁੱਖ ਹਦਾਇਤਾਂ:-**

1. ਉਪਰੋਕਤ ਪ੍ਰਤੀਯੋਗਤਾਵਾਂ ਕੋਵਿਡ-19 ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੇ ਨਿਯਮਾਂ ਨੂੰ ਧਿਆਨ ‘ਚ ਰੱਖਦੇ ਹੋਏ ਗੁਰ ਮਰਿਆਦਾ ਅਨੁਸਾਰ ਕਰਵਾਈਆਂ ਜਾਣ।

2. ਇਹ ਪ੍ਰਤੀਯੋਗਤਾਵਾਂ ਮੌਜੂਦਾ ਸਥਿਤੀ ਨੂੰ ਧਿਆਨ ‘ਚ ਰੱਖਦੇ ਹੋਏ ਆਨਲਾਈਨ ਤੇ ਸੋਲੋ ਆਈਟਮਜ਼ ਦੇ ਰੂਪ ‘ਚ ਕਰਵਾਈਆਂ ਜਾਣਗੀਆਂ। ਹਰ ਪੇਸ਼ਕਾਰੀ ਦਾ ਵਿਸ਼ਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਫਲਸਫੇ, ਸਿੱਖਿਆਵਾਂ, ਬਾਣੀ, ਉਸਤਤਿ ਅਤੇ ਕੁਰਬਾਨੀ ਨਾਲ ਸਬੰਧਤ ਹੋਵੇਗਾ।

3. ਇਨ੍ਹਾਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਲਈ ਹਰ ਜਿਲ੍ਹੇ ‘ਚ ਜਿਲ੍ਹਾ ਸਿੱਖਿਆ ਅਫਸਰ ਦੀ ਦੇਖ ਰੇਖ ਵਿੱਚ ਇੱਕ ਕਮੇਟੀ (ਪ੍ਰਾਇਮਰੀ ਤੇ ਸੈਕੰਡਰੀ ਪੱਧਰ ਲਈ ਵੱਖ-ਵੱਖ) ਦਾ ਗਠਨ ਕੀਤਾ ਜਾਵੇਗਾ। ਇਸ ਕਮੇਟੀ ਵਿੱਚ ਹੇਠ ਲਿਖੇ ਮੈਂਬਰਾਂ ਨੂੰ ਸ਼ਾਮਿਲ ਕੀਤਾ ਜਾਵੇਗਾ:-

| ਲੜੀ ਨੰਬਰ | ਅਧਿਕਾਰੀ/ਕਰਮਚਾਰੀ ਦਾ ਅਹੁਦਾ | ਕਮੇਟੀ ‘ਚ ਅਹੁਦਾ |
|---|---|---|
| 1 | ਜਿਲ੍ਹਾ ਸਿੱਖਿਆ ਅਫਸਰ | ਚੇਅਰਮੈਨ |
| 2 | ਉਪ ਜਿਲ੍ਹਾ ਸਿੱਖਿਆ ਅਫਸਰ | ਮੈਂਬਰ ਸਕੱਤਰ |
| 3 | ਨੋਡਲ ਅਫਸਰ | ਮੈਂਬਰ |
| 4 | ਮੀਡੀਆ/ਸ਼ੋਸ਼ਲ ਮੀਡੀਆ ਇੰਚਾਰਜ਼ | ਮੈਂਬਰ |
| 5 | ਸਿੱਖਿਆ ਸੁਧਾਰ ਟੀਮ ਇੰਚਾਰਜ਼ | ਮੈਂਬਰ |
| 6 | ਡੀ.ਐਮ. (ਅੰਗਰੇਜ਼ੀ, ਸ.ਸ., ਹਿੰਦੀ, ਪੰਜਾਬੀ )/ਡੀ.ਐਮ. ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਪ੍ਰਾਇਮਰੀ) | ਮੈਂਬਰ |

4. ਸਕੂਲ/ਬਲਾਕ/ਜਿਲ੍ਹਾ ਪੱਧਰ ਤੱਕ ਉਕਤ ਪ੍ਰਤੀਯੋਗਤਾਵਾਂ ਦਾ ਸੰਚਾਲਨ ਉਪਰੋਕਤ ਕਮੇਟੀ ਦੀ ਦੇਖ-ਰੇਖ ਵਿੱਚ ਹੋਵੇਗਾ।

5. ਇਨ੍ਹਾਂ ਪ੍ਰਤੀਯੋਗਤਾਵਾਂ ਲਈ ਪੰਜਾਬ ਦੇ ਹਰੇਕ ਸਰਕਾਰੀ ਸਕੂਲ ਦਾ ਭਾਗ ਲੈਣਾ ਲਾਜ਼ਮੀ ਹੈ। ਜਿਸ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦਾ ਸਕੂਲ ਪੱਧਰ ‘ਤੇ ਹਰ ਆਈਟਮ ‘ਚ ਹਿੱਸਾ ਲੈਣਾ ਸਕੂਲ ਮੁਖੀ ਵੱਲੋਂ ਯਕੀਨੀ ਬਣਾਇਆ ਜਾਵੇ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਗਟਾਵਾ ਕਰਨ ਦਾ ਮੌਕਾ ਮਿਲ ਸਕੇ।

6. ਵਿਦਿਆਰਥੀਆਂ ਦੁਆਰਾ ਕਿਸੇ ਵੀ ਆਈਟਮ ਵਿੱਚ ਰਜਿਸਟ੍ਰੇਸ਼ਨ, ਆਨਲਾਈਨ ਰਜਿਸਟ੍ਰੇਸ਼ਨ ਫਾਰਮ ਭਰ ਕੇ ਕਰਵਾਈ ਜਾਵੇਗੀ।

7. ਬੱਚਿਆਂ ਨੂੰ ਹਰੇਕ ਆਈਟਮ ਦੀ ਤਿਆਰੀ ਲਈ ਅਗਵਾਈ ਦੇਣ ਦੀ ਜਿੰਮੇਵਾਰੀ ਸਕੂਲ ਮੁਖੀ ਤੇ ਸਟਾਫ ਦੀ ਹੋਵੇਗੀ।

8. ਸਕੂਲ ਪੱਧਰ ‘ਤੇ ਸਕੂਲ ਮੁਖੀ ਦੁਆਰਾ ਅਧਿਆਪਕਾਂ ਦੀ ਕਮੇਟੀ ਬਣਾ ਕੇ ਹਰੇਕ ਆਈਟਮ ਅਤੇ ਹਰ ਵਰਗ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਜੱਜਮੈਂਟ ਕਰਵਾਈ ਜਾਵੇ।

Director
S.C.E.R.T. Pb.

9. ਸਕੂਲ ਪੱਧਰ 'ਤੇ ਹਰੇਕ ਵਰਗ ਅਤੇ ਹਰੇਕ ਆਈਟਮ ਦੇ ਜੇਤੂ ਰਹੇ ਵਿਦਿਆਰਥੀ (ਸਿਰਫ ਇੱਕ) ਦੀ ਵੀਡੀਓ ਦਾ ਲਿੰਕ ਸਕੂਲ ਮੁਖੀ ਵੱਲੋਂ ਵੇਰਵੇ ਸਹਿਤ ਬਲਾਕ ਪੱਧਰ ਦੇ ਲਿੰਕ 'ਤੇ ਭੇਜਿਆ ਜਾਵੇ।

10. ਬਲਾਕ ਪੱਧਰ ਤੋਂ ਪਹਿਲੇ ਦੋ ਸਥਾਨਾਂ 'ਤੇ ਰਹਿਣ ਵਾਲੇ ਪ੍ਰਤੀਯੋਗੀਆਂ ਦੀ ਵੀਡੀਓਜ਼ ਦੇ ਲਿੰਕ ਵੇਰਵੇ ਸਹਿਤ ਜਿਲ੍ਹਾ ਪੱਧਰ ਦੇ ਲਿੰਕ'ਤੇ ਭੇਜੇ ਜਾਣ।

11. ਜਿਲ੍ਹਾ ਪੱਧਰ 'ਤੇ ਪਹਿਲੇ ਪੰਜ (ਪਹਿਲਾ, ਦੂਜਾ, ਤੀਜਾ ਅਤੇ ਦੋ ਵਿਸ਼ੇਸ਼) ਸਥਾਨਾਂ 'ਤੇ ਰਹਿਣ ਵਾਲੇ ਵਿਦਿਆਰਥੀਆਂ ਦੀ ਚੋਣ ਕੀਤੀ ਜਾਵੇ। ਇਨ੍ਹਾਂ ਵਿੱਚੋਂ ਸਿਰਫ ਪਹਿਲੇ ਦੋ ਸਥਾਨਾਂ 'ਤੇ ਰਹਿਣ ਵਾਲੇ ਪ੍ਰਤੀਯੋਗੀਆਂ ਦੀਆਂ ਵੀਡੀਓਜ਼ ਦੇ ਲਿੰਕ ਵੇਰਵੇ ਸਹਿਤ ਰਾਜ ਪੱਧਰ ਦੇ ਲਿੰਕ 'ਤੇ ਭੇਜੇ ਜਾਣ।

12. ਰਾਜ ਪੱਧਰ 'ਤੇ ਹਰੇਕ ਆਈਟਮ ਦੇ ਨਤੀਜੇ ਲਈ ਦਿੱਤੀਆਂ ਗਈਆਂ ਮਿਤੀਆਂ ਦੇ ਪਹਿਲੇ ਤਿੰਨ ਦਿਨ (ਜਿਲ੍ਹਾ ਪੱਧਰ 'ਤੇ ਪਹਿਲੇ ਦੋ ਸਥਾਨਾਂ 'ਤੇ ਰਹਿਣ ਵਾਲੇ ਵਿਦਿਆਰਥੀਆਂ ਦੀਆਂ ਵੀਡੀਓਜ਼) 'ਐਕਟੀਵੀਟੀਜ਼ ਸਕੂਲ ਐਜੂਕੇਸ਼ਨ ਪੰਜਾਬ' ਫੇਸ ਬੁੱਕ ਪੇਜ਼ 'ਤੇ ਅਪਲੋਡ ਕੀਤੀਆਂ ਜਾਣਗੀਆਂ।

13. ਰਾਜ ਪੱਧਰ ਤੇ ਹਰ ਵਰਗ ਅਤੇ ਹਰ ਆਈਟਮ ਵਿੱਚੋਂ ਪਹਿਲੀਆਂ ਦੋ ਪੋਜੀਸ਼ਨਾਂ ਦੀ ਚੋਣ ਕੀਤੀ ਜਾਵੇਗੀ।

14. ਹਰੇਕ ਪੱਧਰ 'ਤੇ ਨਤੀਜਾ ਆਨਲਾਈਨ ਦਿੱਤੇ ਗਏ ਪ੍ਰੋਫਾਰਮੇ 'ਤੇ ਜੱਜਾਂ ਵੱਲੋਂ ਭਰਿਆ ਜਾਵੇਗਾ।

15. ਹਰ ਇੱਕ ਪ੍ਰਤੀਯੋਗੀ ਨੂੰ ਆਨਲਾਈਨ ਸਰਟੀਫਿਕੇਟ ਦਿੱਤਾ ਜਾਵੇਗਾ। ਜਿਸ ਨੂੰ ਪ੍ਰਤੀਯੋਗੀ ਨਤੀਜੇ ਤੋਂ ਬਾਅਦ ਡਾਊਨਲੋਡ ਕਰ ਸਕਦਾ ਹੈ।

16. ਪੇਸ਼ਕਾਰੀ ਦੀ ਵੀਡੀਓ ਵਿਭਾਗ ਵੱਲੋਂ ਭੇਜੇ ਗਏ ਨਮੂਨੇ ਅਤੇ ਗੁਰ ਮਰਿਆਦਾ ਅਨੁਸਾਰ ਮਿਆਰਾਂ 'ਤੇ ਖਰੀ ਉਤਰਨ ਵਾਲੀ ਬਣਾਈ ਜਾਵੇ।

17. ਸਕੂਲ ਮੁਖੀ ਵੱਲੋਂ ਹਰੇਕ ਗਤੀਵਿਧੀ 'ਚ ਹਿੱਸਾ ਲੈਣ ਵਾਲੇ ਪ੍ਰਤੀਯੋਗੀਆਂ ਦਾ ਵੇਰਵਾ ਵਿਭਾਗ ਵੱਲੋਂ ਦਿੱਤੇ ਗਏ ਆਨਲਾਈਨ ਪ੍ਰੋਫਾਰਮੇ 'ਤੇ ਭਰਿਆ ਜਾਵੇ। ਸਕੂਲ 'ਚ ਇਸ ਦਾ ਲਿਖਤੀ ਰਿਕਾਰਡ ਰੱਖਿਆ ਜਾਵੇ। ਇਸ ਦੀ ਕਾਪੀ ਬਲਾਕ 'ਤੇ ਭੇਜੀ ਜਾਵੇ।

18. ਇਸ ਪ੍ਰਤੀਯੋਗਤਾ ਦੇ ਸੰਚਾਲਨ ਲਈ ਸਕੂਲ ਪੱਧਰ 'ਤੇ ਕੰਪਿਊਟਰ ਫੈਕਲਟੀ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਪੂਰਾ ਸਹਿਯੋਗ ਦੇਣਗੇ।

19. ਹਰ ਆਈਟਮ ਦੀ ਵੀਡੀਓ 'ਚ ਲਗਾਤਾਰਤਾ ਹੋਣੀ ਚਾਹੀਦੀ ਹੈ ਭਾਵ ਵੀਡੀਓ ਕੱਟ-ਕੱਟ ਕੇ ਨਾ ਬਣਾਈ ਜਾਵੇ।

20. ਪ੍ਰਾਇਮਰੀ ਵਰਗ 'ਚ ਬਲਾਕ ਪੱਧਰ 'ਤੇ ਮੁਕਾਬਲੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੀ ਅਗਵਾਈ ਵਿੱਚ ਬੀ.ਐਮ.ਟੀ. ਅਤੇ ਸੀ.ਐੱਮ.ਟੀ. ਦੀ ਸਹਾਇਤਾ ਨਾਲ ਅਤੇ ਸੈਕੰਡਰੀ ਵਰਗ ਦੇ ਮੁਕਾਬਲੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਨੋਡਲ ਅਫਸਰ ਦੀ ਦੇਖ-ਰੇਖ ਹੇਠ ਡੀ.ਐੱਮ. ਅਤੇ ਬੀ.ਐਮ. (ਅੰਗਰੇਜ਼ੀ,ਐਸ.ਐਸ., ਹਿੰਦੀ ਤੇ ਪੰਜਾਬੀ) ਦੀ ਸਹਾਇਤਾ ਨਾਲ ਕਰਵਾਏ ਜਾਣਗੇ। ਇਨ੍ਹਾਂ ਮੁਕਾਬਲਿਆਂ ਵਿੱਚ ਸਿੱਖਿਆ ਸੁਧਾਰ ਟੀਮ ਇੰਚਾਰਜ ਤੇ ਸੋਸਲ ਮੀਡੀਆ ਇੰਚਾਰਜ਼ ਪੂਰਾ ਸਹਿਯੋਗ ਦੇਣਗੇ।

21. ਬਲਾਕ/ਜਿਲ੍ਹਾ ਪੱਧਰ 'ਤੇ ਹਰ ਵਰਗ ਲਈ ਤਿੰਨ-ਤਿੰਨ ਮਾਹਿਰ ਜੱਜ ਲਗਾਏ ਜਾਣ ਅਤੇ ਉਨ੍ਹਾਂ ਦਾ ਰਿਕਾਰਡ ਹਰ ਪੱਧਰ 'ਤੇ ਰੱਖਿਆ ਜਾਵੇ। ਜੱਜਮੈਂਟ ਟੀਮ 'ਚ ਕਿਸੇ ਵੀ ਅਹੁਦੇ 'ਤੇ ਤੈਨਾਤ ਮਾਹਿਰ ਨੂੰ ਲਗਾਇਆ ਜਾ ਸਕਦਾ ਹੈ। ਇੱਕ ਜੱਜ ਦੀ ਨਿਯੁਕਤੀ ਇੱਕ ਤੋਂ ਵਧੇਰੇ ਆਈਟਮ ਲਈ ਵੀ ਕੀਤੀ ਜਾ ਸਕਦੀ ਹੈ, ਬਸ਼ਰਤੇ ਉਹ ਉਸ ਆਈਟਮ ਵਿੱਚ ਮੁਹਾਰਤ ਰੱਖਦਾ ਹੋਵੇ। ਜੱਜਾਂ ਦੀ ਚੋਣ ਪਾਰਦਰਸ਼ਤਾ ਨਾਲ ਕਰਨ ਦੀ ਜਿੰਮੇਵਾਰੀ ਜਿਲ੍ਹਾ ਪੱਧਰੀ ਕਮੇਟੀ ਦੀ ਹੋਵੇਗੀ। ਬਲਾਕ ਪੱਧਰ 'ਤੇ ਲਗਾਏ ਗਏ ਜੱਜਾਂ ਦੇ ਪੈਨਲ ਦੀ ਸੂਚੀ ਅਤੇ

ਜਿਲ੍ਹਾ ਪੱਧਰ 'ਤੇ ਲਗਾਏ ਜੱਜਾਂ ਦੇ ਪੈਨਲ ਦੀ ਸੂਚੀ ਆਈਟਮ ਦੇ ਸ਼ੁਰੂ ਹੋਣ ਦੇ ਪਹਿਲੇ ਦਿਨ ਹੀ ਜਿਲ੍ਹਾ ਨੋਡਲ ਅਫਸਰ ਦੁਆਰਾ ਮੁੱਖ ਦਫਤਰ ਨੂੰ ਈਮੇਲ scertactivities@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ। ਜੱਜਾਂ ਦੀ ਸੂਚੀ ਪ੍ਰਤੀ ਗੋਪਨੀਅਤਾ ਕਾਇਮ ਰੱਖੀ ਜਾਵੇ।

22. ਜਿਲ੍ਹਾ ਪੱਧਰੀ ਕਮੇਟੀ ਵੱਲੋਂ ਪ੍ਰਤੀਯੋਗਤਾ ਸਬੰਧੀ ਪ੍ਰਤੀਯੋਗੀਆਂ ਦੀਆਂ ਔਕੜਾਂ ਨੂੰ ਦੂਰ ਕਰਨ ਲਈ ਹਰੇਕ ਜ਼ਿਲ੍ਹੇ ਵੱਲੋਂ ਹੈਲਪਲਾਈਨ ਨੰਬਰ ਜਾਰੀ ਕੀਤੇ ਜਾਣ। ਸਬੰਧਤ ਜਿਲ੍ਹੇ ਵਿੱਚ ਪ੍ਰਤੀਯੋਗਤਾ ਦੀ ਕੰਡਕਸ਼ਨ ਸਬੰਧੀ ਕੋਈ ਵੀ ਦਿੱਕਤ ਆਉਂਦੀ ਹੈ ਤਾਂ ਸਬੰਧਤ ਜਿਲ੍ਹੇ ਦੇ ਨੋਡਲ ਅਫਸਰ ਨਾਲ ਤਾਲਮੇਲ ਕੀਤਾ ਜਾਵੇ।

23. ਹਰੇਕ ਆਈਟਮ 'ਚ ਜਿਲ੍ਹੇ 'ਚੋਂ ਸਕੂਲ ਪੱਧਰ 'ਤੇ ਸਭ ਤੋਂ ਵੱਧ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੇ ਸਕੂਲ ਪ੍ਰਿੰਸੀਪਲ/ਮੁਖੀਆਂ, ਬੀ.ਪੀ.ਈ.ਓਜ਼., ਸੀ.ਐਚ.ਟੀਜ਼., ਐੱਚ.ਟੀਜ਼, ਅਤੇ ਤਿਆਰੀ ਕਰਵਾਉਣ ਵਾਲੇ ਅਧਿਆਪਕ (ਸਕੂਲ ਮੁਖੀ ਦੁਆਰਾ ਭੇਜੇ ਗਏ ਨਾਂ) ਨੂੰ ਪ੍ਰਸ਼ੰਸ਼ਾ ਪੱਤਰ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਦਿੱਤੇ ਜਾਣਗੇ।

24. ਜਿਲ੍ਹਾ ਪੱਧਰ 'ਤੇ ਸਭ ਤੋਂ ਵੱਧ ਆਈਟਮਾਂ ਵਿੱਚ ਪੋਜੀਸ਼ਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦੇ ਪ੍ਰਿੰਸੀਪਲ/ਮੁਖੀਆਂ, ਬੀ.ਪੀ.ਈ.ਓਜ਼. ਤੇ ਸੀ.ਐਚ.ਟੀਜ਼., ਐਚ.ਟੀਜ਼ ਅਤੇ ਤਿਆਰੀ ਕਰਵਾਉਣ ਵਾਲੇ ਅਧਿਆਪਕ (ਸਕੂਲ ਮੁਖੀ ਦੁਆਰਾ ਭੇਜੇ ਗਏ ਨਾਂ) ਨੂੰ ਵੀ ਪ੍ਰਸ਼ੰਸ਼ਾ ਪੱਤਰ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਦਿੱਤੇ ਜਾਣ।

25. ਬਲਾਕ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ ਲਗਾਏ ਗਏ ਸਾਰੇ ਜੱਜਾਂ ਨੂੰ ਜ਼ਿਲ੍ਹਾ ਸਿੱਖਿਆ ਅਫਸਰਾਂ ਦੁਆਰਾ ਸਨਮਾਨ ਪੱਤਰ ਜ਼ਾਰੀ ਕੀਤੇ ਜਾਣਗੇ ਤੇ ਰਾਜ ਪੱਧਰ ਤੇ ਲਗਾਏ ਜੱਜਾਂ ਨੂੰ ਮੁੱਖ ਦਫਤਰ ਵੱਲੋਂ ਸਨਮਾਨ ਪੱਤਰ ਜ਼ਾਰੀ ਕੀਤੇ ਜਾਣਗੇ।

26. ਰਾਜ ਪੱਧਰ 'ਤੇ ਸਭ ਤੋਂ ਵੱਧ ਆਈਟਮਾਂ ਵਿੱਚ ਪੋਜੀਸ਼ਨ ਹਾਸਿਲ ਕਰਨ ਵਾਲੇ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ, ਸਕੂਲ ਪ੍ਰਿੰਸੀਪਲ/ਮੁਖੀ ਅਤੇ ਤਿਆਰ ਕਰਵਾਉਣ ਵਾਲੇ ਅਧਿਆਪਕ ਨੂੰ ਮੁੱਖ ਦਫਤਰ ਵੱਲੋਂ ਪ੍ਰਸ਼ੰਸਾ ਪੱਤਰ ਦਿੱਤੇ ਜਾਣਗੇ।

27. ਹਰੇਕ ਪੱਧਰ (ਸਕੂਲ, ਬਲਾਕ ਅਤੇ ਜਿਲ੍ਹਾ) 'ਤੇ ਹਰੇਕ ਆਈਟਮ ਦੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ (ਹਾਰਡ ਕਾਪੀ) ਸਕੂਲ ਪ੍ਰਿੰਸੀਪਲ/ਮੁਖੀ, ਬੀ.ਪੀ.ਈ.ਓ. ਅਤੇ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਪ੍ਰਦਾਨ ਕੀਤੇ ਜਾਣਗੇ ਅਤੇ ਇਸ ਸਮਾਗਮ ਦੀਆਂ ਤਸਵੀਰਾਂ ਨੂੰ ਮੀਡੀਆ/ਸ਼ੋਸ਼ਲ ਮੀਡੀਆ ਰਾਹੀਂ ਪ੍ਰਚਾਰਿਤ ਕੀਤਾ ਜਾਵੇਗਾ।

28. ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਤ ਵਿਭਾਗ ਵੱਲੋਂ ਭੇਜੀ ਜਾਣ ਵਾਲੀ ਵਿਦਿਅਕ ਸਮੱਗਰੀ ਨੂੰ ਸਰਕਾਰੀ ਸਕੂਲਾਂ ਦੇ ਹਰੇਕ ਵਿਦਿਆਰਥੀ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪ੍ਰਿੰਸੀਪਲ/ਸਕੂਲ ਮੁੱਖੀ, ਬੀ.ਪੀ.ਈ.ਓਜ਼., ਸੀ.ਐਚ.ਟੀਜ਼.,ਐੱਚ.ਟੀਜ਼., ਸਿੱਖਿਆ ਸੁਧਾਰ ਟੀਮ/ਡੀ.ਐਮ./ਬੀ.ਐਮ. ਦੀ ਹੋਵੇਗੀ।

29. ਸਮੂਹ ਲਾਇਬ੍ਰੇਰੀਅਨਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਸਕੂਲ ਲਾਇਬ੍ਰੇਰੀਆਂ ਵਿੱਚ ਮੌਜੂਦ ਸ੍ਰੀ ਗੁਰੂ ਤੇਗ ਬਹਾਦਰ ਜੀ ਸਬੰਧੀ ਪੁਸਤਕਾਂ ਵੱਧ ਤੋਂ ਵੱਧ ਵਿਦਿਆਰਥੀਆਂ ਤੱਕ ਪੁੱਜਦੀਆਂ ਕੀਤੀਆਂ ਜਾਣ। ਸਕੂਲ ਮੁੱਖੀਆਂ ਦੀ ਦੇਖ ਰੇਖ ਹੇਠ ਸਕੂਲ ਲਾਇਬ੍ਰੇਰੀਅਨ ਵਿਦਿਆਰਥੀਆਂ ਨੂੰ ਇਸ਼ੂ ਕੀਤੀਆਂ ਕਿਤਾਬਾਂ ਦਾ ਰਿਕਾਰਡ ਰੱਖਣਗੇ।

30. ਬਲਾਕ ਪੱਧਰ ਤੱਕ ਹਰੇਕ ਆਈਟਮ ਦੀ ਸਮਾਪਤੀ ਉਪਰੰਤ ਨਤੀਜਾ ਤੇ ਸੰਖੇਪ ਰਿਪੋਰਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ./ਐ.ਸਿ)/ਜਿਲ੍ਹਾ ਨੋਡਲ ਅਫਸਰ ਨੂੰ ਭੇਜੀ ਜਾਵੇ। ਇਸੇ ਤਰ੍ਹਾਂ ਹੀ ਜਿਲ੍ਹਾ ਪੱਧਰ

Director
S.C.E.R.T. Pb.

'ਤੇ ਹਰੇਕ ਆਈਟਮ ਦੀ ਸਮਾਪਤੀ ਉਪਰੰਤ ਨਤੀਜਾ ਤੇ ਸੰਖੇਪ ਰਿਪੋਰਟ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿੱ.)/ ਨੋਡਲ ਅਫਸਰ ਵੱਲੋਂ ਮੁੱਖ ਦਫਤਰ ਨੂੰ ਦਿੱਤੀ ਗਈ scertactivities@gmail.com ਈ-ਮੇਲ ਰਾਹੀਂ ਭੇਜਣਗੇ।

31. ਹਰੇਕ ਸੰਗੀਤ ਅਧਿਆਪਕ, ਕੰਪਿਊਟਰ ਅਧਿਆਪਕ, ਆਰਟ ਐਂਡ ਕਰਾਫਟ ਤੇ ਭਾਸ਼ਾ ਅਧਿਆਪਕ ਆਪਣੇ-ਆਪਣੇ ਵਿਸ਼ੇ ਨਾਲ ਸਬੰਧਤ ਆਈਟਮਾਂ ਵਿੱਚ ਆਪਣੇ ਸਕੂਲ ਦੇ ਵੱਧ ਤੋਂ ਵੱਧ ਵਿਦਿਆਰਥੀਆਂ ਦਾ ਭਾਗ ਲੈਣਾ ਯਕੀਨੀ ਬਣਾਉਣਗੇ।

32. ਕਿਸੇ ਵੀ ਮੌਜੂਦਾ ਘਟਨਾਕ੍ਰਮ ਜਾਂ ਵਿਭਾਗੀ ਸਰਗਰਮੀਆਂ ਨੂੰ ਮੱਦੇਨਜ਼ਰ ਰੱਖਦਿਆ ਪ੍ਰਤੀਯੋਗਤਾਵਾਂ ਦੇ ਕੈਲੰਡਰ ਵਿੱਚ ਫੇਰਬਦਲ ਵੀ ਕੀਤਾ ਜਾ ਸਕਦਾ ਹੈ।

33. ਹਰੇਕ ਆਈਟਮ ਦੀ ਜੱਜਮੈਂਟ ਸਬੰਧੀ ਮਾਪਦੰਡ ਤੇ ਨਿਯਮ ਇਸ ਪੱਤਰ ਨਾਲ ਨੱਥੀ ਹਨ।

34. ਹਰੇਕ ਵਰਗ ਅਤੇ ਹਰੇਕ ਆਈਟਮ ਲਈ ਜੱਜਾਂ ਦਾ ਫੈਸਲਾ ਅੰਤਿਮ ਫੈਸਲਾ ਹੋਵੇਗਾ।

35. ਜ਼ਰੂਰਤ ਪੈਣ ਤੇ ਜੱਜਾਂ ਵੱਲੋਂ ਹਰ ਪੱਧਰ 'ਤੇ ਸਾਰੀਆਂ ਆਈਟਮਾਂ ਦੇ ਜੇਤੂ ਵਿਦਿਆਰਥੀਆਂ ਦੀ ਪੇਸ਼ਕਾਰੀ ਲਾਇਵ ਰੂਪ ਵਿੱਚ ਦੇਖੀ ਜਾ ਸਕਦੀ ਹੈ ਪਰ ਲਾਇਵ ਸਿਰਫ ਆਨਲਾਈਨ (Zoom App, Google Meet etc) ਰਾਹੀਂ ਹੀ ਦੇਖੀ ਜਾ ਸਕਦੀ ਹੈ।

## ਅ. ਤਕਨੀਕੀ ਹਦਾਇਤਾਂ:-

1. ਹਰੇਕ ਸਕੂਲ ਦੇ ਵੱਧ ਤੋਂ ਵੱਧ ਵਿਦਿਆਰਥੀ ਹਰੇਕ ਆਈਟਮ 'ਚ ਹਿੱਸਾ ਲੈਣਗੇ। ਵਿਦਿਆਰਥੀ ਆਪਣੀ ਪੇਸ਼ਕਾਰੀ ਦੀ ਵੀਡੀਓ ਫੇਸਬੁੱਕ/ਇੰਸਟਾਗ੍ਰਾਮ/ਯੂਟਿਊਬ 'ਤੇ ਅਪਲੋਡ ਕਰਕੇ, ਉਸ ਦਾ link ਆਪਣੇ ਸਕੂਲ ਮੁਖੀ ਨੂੰ ਭੇਜਣਗੇ।

2. ਸਕੂਲ ਮੁਖੀ ਆਪਣੇ ਸਕੂਲ ਦੀਆਂ ਕੁਝ ਬਿਹਤਰੀਨ ਪੇਸ਼ਕਾਰੀਆਂ ਦੀਆਂ ਵੀਡੀਓਜ਼ ਨੂੰ 'ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਦਿਅਕ ਮੁਕਾਬਲੇ, ਸਕੂਲ ਸਿੱਖਿਆ ਵਿਭਾਗ ਪੰਜਾਬ' ਸਿਰਲੇਖ ਅਧੀਨ ਸ਼ੋਸ਼ਲ ਮੀਡੀਆ ਦੇ ਵੱਖ-ਵੱਖ ਮਾਧਿਅਮ ਰਾਹੀਂ ਲੋਕਾਂ ਤੱਕ ਪੁੱਜਦੀਆਂ ਕਰਨਗੇ। ਜਿਵੇਂ ਕਿ ਸਕੂਲ ਫੇਸਬੁੱਕ ਪੇਜ਼ ਆਦਿ।

3. ਤਕਨੀਕੀ ਸਹਾਇਕਾ ਦੇ ਹੈਲਪ ਲਾਈਨ ਨੰਬਰ

| | |
|---|---|
| ਸ੍ਰੀ ਜਸਵਿੰਦਰ ਸਿੰਘ ਵਿਰਦੀ | 98158-64433 |
| ਸ੍ਰੀ ਜਸਵੀਰ ਸਿੰਘ | 94177-59642 |
| ਸ੍ਰੀ ਸੁਖਦਰਸ਼ਨ ਸਿੰਘ | 9779-590575 |

## ੲ. ਪ੍ਰਚਾਰ ਸਬੰਧੀ ਹਦਾਇਤਾਂ:-

1. ਇਨ੍ਹਾਂ ਗਤੀਵਿਧੀਆਂ ਦੇ ਪਹਿਲੇ ਪੜਾਅ ਭਾਵ ਸਕੂਲ ਪੱਧਰ ਤੋਂ ਹੀ ਪ੍ਰਤੀਯੋਗਤਾ ਲਈ ਜਿਲ੍ਹਾ ਪੱਧਰੀ ਕਮੇਟੀ ਦੇ ਅਹੁਦੇਦਾਰ ਤੇ ਪ੍ਰਿੰਟ, ਇਲੈਕਟ੍ਰਾਨਿਕ ਤੇ ਸ਼ੋਸ਼ਲ ਮੀਡੀਆ ਜਰੀਏ, ਵੱਧ ਤੋਂ ਵੱਧ ਪ੍ਰਚਾਰ ਕਰਨਗੇ ਅਤੇ ਇਸ ਦਾ ਰਿਕਾਰਡ ਰੱਖਿਆ ਜਾਵੇ।

ਜੇ. 30/6/2
Director
S.C.E.R.T. Pb.

2. ਜਿਲ੍ਹਾ ਮੀਡੀਆ ਕੋਆਰਡੀਨੇਟਰ/ਸ਼ੋਸ਼ਲ ਮੀਡੀਆ ਕੋਆਰਡੀਨੇਟਰ ਦੀ ਸਮੁੱਚੇ ਮੁਕਾਬਲਿਆਂ ਦੌਰਾਨ ਪ੍ਰਚਾਰ-ਪ੍ਰਸਾਰ ਅਤੇ ਸਕੂਲ/ਬਲਾਕ/ਜਿਲ੍ਹਾ ਪੱਧਰ 'ਤੇ ਇਸ ਕਾਰਜ ਲਈ ਅਗਵਾਈ ਦੇਣ ਦੀ ਵਿਸ਼ੇਸ਼ ਜਿੰਮੇਵਾਰੀ ਹੋਵੇਗੀ।

ਕ੍ਰਿਸ਼ਨ ਕੁਮਾਰ ਆਈ.ਏ.ਐਸ.
ਸਕੱਤਰ ਸਕੂਲ ਸਿੱਖਿਆ, ਪੰਜਾਬ

ਪਿੱਠ ਅੰਕਣ ਨੰ:ਉਕਤ ਮਿਤੀ,ਐਸ.ਏ.ਐਸ.ਨਗਰ:30-6-2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ।
3. ਪੀ.ਏ. ਟੂ ਡੀ.ਪੀ.ਆਈ. (ਸੈਸਿ/ਐਸਿ)।
4. ਡੀ.ਐੱਮ. (MIS) ਨੂੰ ਵੈਬਸਾਇਟ ਤੇ ਪਾਉਣ ਸਬੰਧੀ।

30/6/20
Director
S.C.E.R.T. Pb.
ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ

## ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਵਾਂ ਪ੍ਰਕਾਸ਼ ਪੂਰਬ ਮੌਕੇ ਸਕੂਲਾਂ ਵਿੱਚ ਵਿੱਦਿਅਕ ਮੁਕਾਬਲੇ ਕਰਵਾਉਣ ਸਬੰਧੀ ਕਲੰਡਰ:-

| ਲੜੀ ਨੰ | ਗਤੀਵਿਧੀ ਦਾ ਨਾਂ | ਸਕੂਲ ਮੁੱਖੀ ਵੱਲੋਂ ਸਕੂਲ ਤੋਂ ਬਲਾਕ/ਤਹਿਸੀਲ ਪੱਧਰ ਤੇ videos ਅਪਲੋਡ ਕਰਨ ਦੀਆਂ ਮਿਤੀਆਂ | ਤਹਿਸੀਲ/ਬਲਾਕ ਪੱਧਰ ਤੇ ਜੱਜਮੈਂਟ ਕਰਨ ਉਪਰੰਤ ਜਿਲ੍ਹਾ ਪੱਧਰ ਤੇ videos ਅਪਲੋਡ ਕਰਨ ਦੀਆਂ ਮਿਤੀਆਂ | ਜਿਲ੍ਹਾ ਪੱਧਰ ਤੋਂ ਜੱਜਮੈਂਟ ਕਰਨ ਉਪਰੰਤ ਸਟੇਟ ਪੱਧਰ ਤੇ videos ਅਪਲੋਡ ਕਰਨ ਦੀਆਂ ਮਿਤੀਆਂ | ਸਟੇਟ ਪੱਧਰ ਤੇ ਜੱਜਮੈਂਟ ਕਰਨ ਦੀਆਂ ਮਿਤੀਆਂ | ਮੁੱਖ ਦਫਤਰ ਵੱਲੋਂ ਰਿਜਲਟ ਘੋਸ਼ਿਤ ਕਰਨ ਦਾ ਸਮਾਂ |
|---|---|---|---|---|---|---|
| 1 | ਸਬਦ ਗਾਇਨ | 6-7-2020 ਤੋਂ 12-7-2020 ਤੱਕ | 13-7-2020 ਤੋਂ 19-7-2020 ਤੱਕ | 20-7-2020 ਤੋਂ 26-7-2020 ਤੱਕ | 27-7-2020 ਤੋਂ 2-8-2020 ਤੱਕ | 03-8-2020 |
| 2 | ਗੀਤ | 20-7-2020 ਤੋਂ 26-7-2020 ਤੱਕ | 27-7-2020 ਤੋਂ 2-7-2020 ਤੱਕ | 3-8-2020 ਤੋਂ 9-8-2020 ਤੱਕ | 10-8-2020 ਤੋਂ 16-8-2020 ਤੱਕ | 17-8-2020 |
| 3 | ਕਵਿਤਾ ਉਚਾਰਨ | 3-8-2020 ਤੋਂ 9-8-2020 ਤੱਕ | 10-8-2020 ਤੋਂ 16-8-2020 ਤੱਕ | 17-8-2020 ਤੋਂ 23-8-2020 ਤੱਕ | 24-8-2020 ਤੋਂ 30-8-2020 ਤੱਕ | 31-8-2020 |
| 4 | ਭਾਸ਼ਣ ਮੁਕਾਬਲਾ | 17-8-2020 ਤੋਂ 23-8-2020 ਤੱਕ | 24-8-2020 ਤੋਂ 30-8-2020 ਤੱਕ | 31-8-2020 ਤੋਂ 6-9-2020 ਤੱਕ | 7-9-2020 ਤੋਂ 13-9-2020 ਤੱਕ | 14-9-2020 |
| 5 | ਸੰਗੀਤਕ ਸਾਜੋ-ਸਮਾਨ ਵਜਾਉਣਾ (ਜਿਵੇਂ ਹਰਮੋਨੀਅਮ, ਤਬਲਾ, ਢੋਲਕ, ਤੁੰਬੀ, ਬੰਸਰੀ, , ਸਾਰੰਗੀ,ਢੱਡ) | 31-8-2020 ਤੋਂ 6-9-2020 ਤੱਕ | 7-9-2020 ਤੋਂ 13-9-2020 ਤੱਕ | 14-9-2020 ਤੋਂ 20-9-2020 ਤੱਕ | 21-9-2020 ਤੋਂ 27-9-2020 ਤੱਕ | 28-9-2020 |
| 6 | ਪੋਸਟਰ ਮੇਕਿੰਗ ਮੁਕਾਬਲੇ | 14-9-2020 ਤੋਂ 20-9-2020 ਤੱਕ | 21-9-2020 ਤੋਂ 27-09-2020 ਤੱਕ | 28-09-2020 ਤੋਂ 4-10-2020 ਤੱਕ | 5-10-2020 ਤੋਂ 11-10-2020 ਤੱਕ | 12-10-2020 |
| 7 | ਪੇਂਟਿੰਗ ਮੁਕਾਬਲੇ | 28-9-2020 ਤੋਂ 4-10-2020 ਤੱਕ | 5-10-2020 ਤੋਂ 11-10-2020 ਤੱਕ | 12-10-2020 ਤੋਂ 18-10-2020 ਤੱਕ | 19-10-2020 ਤੋਂ 25-10-2020 ਤੱਕ | 26-10-2020 |

30/6/20
Director
S.C.E.R.T. Pb.

| ਲੜੀ ਨੰ | ਗਤੀਵਿਧੀ ਦਾ ਨਾਂ | ਸਕੂਲ ਮੁੱਖੀ ਵੱਲੋਂ ਸਕੂਲ ਤੋਂ ਬਲਾਕ/ਤਹਿਸੀਲ ਪੱਧਰ ਤੇ videos ਅਪਲੋਡ ਕਰਨ ਦੀਆਂ ਮਿਤੀਆਂ | ਤਹਿਸੀਲ/ਬਲਾਕ ਪੱਧਰ ਤੇ ਜੱਜਮੈਂਟ ਕਰਨ ਉਪਰੰਤ ਜਿਲ੍ਹਾ ਪੱਧਰ ਤੇ videos ਅਪਲੋਡ ਕਰਨ ਦੀਆਂ ਮਿਤੀਆਂ | ਜਿਲ੍ਹਾ ਪੱਧਰ ਤੋਂ ਜੱਜਮੈਂਟ ਕਰਨ ਉਪਰੰਤ ਸਟੇਟ ਪੱਧਰ ਤੇ videos ਅਪਲੋਡ ਕਰਨ ਦੀਆਂ ਮਿਤੀਆਂ | ਸਟੇਟ ਪੱਧਰ ਤੇ ਜੱਜਮੈਂਟ ਕਰਨ ਦੀਆਂ ਮਿਤੀਆਂ | ਮੁੱਖ ਦਫਤਰ ਵੱਲੋਂ ਰਿਜਲਟ ਘੋਸ਼ਿਤ ਕਰਨ ਦਾ ਸਮਾਂ |
|---|---|---|---|---|---|---|
| 8 | ਸਲੋਗਨ ਲਿਖਣ ਮੁਕਾਬਲਾ | 12-10-2020 ਤੋਂ 18-10-2020 ਤੱਕ | 19-10-2020 ਤੋਂ 25-10-2020 ਤੱਕ | 26-10-2020 ਤੋਂ 1-11-2020 ਤੱਕ | 2-11-2020 ਤੋਂ 8-11-2020 ਤੱਕ | 9-11-2020 |
| 9 | ਸੁੰਦਰ ਲਿਖਾਈ ਮੁਕਾਬਲਾ | 26-10-2020 ਤੋਂ 1-11-2020 ਤੱਕ | 2-11-2020 ਤੋਂ 8-11-2020 ਤੱਕ | 9-11-2020 ਤੋਂ 15-11-2020 ਤੱਕ | 16-11-2020 ਤੋਂ 22-11-2020 ਤੱਕ | 23-11-2020 |
| 10 | ਪੀ.ਪੀ.ਟੀ. ਮੇਕਿੰਗ | 9-11-2020 ਤੋਂ 15-11-2020 ਤੱਕ | 16-11-2020 ਤੋਂ 22-11-2020 ਤੱਕ | 23-11-2020 ਤੋਂ 29-11-2020 ਤੱਕ | 30-11-2020 ਤੋਂ 6-12-2020 ਤੱਕ | 7-12-2020 |
| 11 | ਦਸਤਾਰਬੰਦੀ ਮੁਕਾਬਲੇ | 23-11-2020 ਤੋਂ 29-11-2020 ਤੱਕ | 30-11-2020 ਤੋਂ 6-12-2020 ਤੱਕ | 7-12-2020 ਤੋਂ 13-12-2020 ਤੱਕ | 14-12-2020 ਤੋਂ 20-12-2020 ਤੱਕ | 21-12-2020 |

30/6/20

Director
S.C.E.R.T. Pb

# ਨਿਯਮਾਂਵਲੀ

## ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਜਾਣ ਵਾਲੇ ਆਨਲਾਈਨ ਵਿੱਦਿਅਕ ਮੁਕਾਬਲਿਆਂ ਲਈ ਵੱਖ-ਵੱਖ ਪ੍ਰਤੀਯੋਗਤਾਵਾਂ ਸਬੰਧੀ ਨਿਯਮ, ਜੱਜਮੈਂਟ ਦੇ ਮਾਪਦੰਡ ਤੇ ਅੰਕ ਵੰਡ:-

ਨੋਟ:-

1. ਵਿਦਿਅਕ ਮੁਕਾਬਲਿਆਂ ਦੌਰਾਨ ਪ੍ਰਤੀਯੋਗੀ ਸਿਰਫ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ, ਫਲਸਫੇ, ਸਿੱਖਿਆਵਾਂ, ਬਾਣੀ, ਉਸਤਤਿ ਤੇ ਕੁਰਬਾਨੀ ਨਾਲ ਸਬੰਧਿਤ ਵਿਸ਼ਿਆਂ 'ਤੇ ਅਧਾਰਿਤ ਪੇਸ਼ਕਾਰੀਆਂ ਹੀ ਪੇਸ਼ ਕਰਨਗੇ।
2. ਪੇਂਟਿੰਗ, ਸੁੰਦਰ ਲਿਖਾਈ, ਸਲੋਗਨ ਲਿਖਣ, ਪੋਸਟਰ ਬਣਾਉਣ ਤੇ ਦਸਤਾਰਬੰਦੀ ਦੇ ਸਿਰਫ ਜੇਤੂਆਂ ਦੀ ਲਾਈਵ/ਵੀਡੀਓ ਵੀ ਦੇਖੀ ਜਾਵੇਗੀ।
3. ਸਾਰੇ ਮੁਕਾਬਲਿਆਂ ਲਈ ਜੱਜਾਂ ਦਾ ਫੈਸਲਾ ਅੰਤਿਮ ਫੈਸਲਾ ਹੋਵੇਗਾ।

30/6/20
Director
S.C.E.R.T. Pb.

# I. ਸ਼ਬਦ ਗਾਇਨ

**ਨਿਯਮ:-**

1. ਸਮਾਂ:- ਪ੍ਰਾਇਮਰੀ ਵਰਗ: 4 ਤੋਂ 6 ਮਿੰਟ

   ਮਿਡਲ ਅਤੇ ਸੈਕੰਡਰੀ ਵਰਗ:- 6 ਤੋਂ 8 ਮਿੰਟ

2. ਸ਼ਬਦ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਵਿਚੋਂ ਹੀ ਗਾਇਨ ਕੀਤੇ ਜਾਣ।
3. ਸ਼ਬਦ ਗਾਇਨ ਵਿਚ ਆਕਾਰ ਅਤੇ ਤਾਨਾਂ ਨੂੰ ਸਰਗਮ ਵਿੱਚ ਬੋਲਣ ਦੀ ਮਨਾਹੀ ਹੈ।
4. ਸ਼ਬਦ ਗਾਇਨ ਕੇਵਲ ਇੱਕ ਵਿਦਿਆਰਥੀ ਦੁਆਰਾ ਹੀ ਗਾਇਨ ਕੀਤਾ ਜਾਵੇ ਅਤੇ ਸਿਰਫ ਇਕ ਹੋਰ ਸ਼ਾਜਿੰਦਾ ਹੀ ਪ੍ਰਤੀਯੋਗੀ ਦਾ ਸਾਥ ਦੇ ਸਕਦਾ ਹੈ।
5. ਖੁਦ ਸਾਜ਼ ਵਜਾਉਣ ਵਾਲੇ ਅਤੇ ਨਿਰਧਾਰਤ ਰਾਗਾਂ 'ਚ ਸ਼ਬਦ ਗਾਇਨ ਕਰਨ ਵਾਲੇ ਪ੍ਰਤੀਯੋਗੀ ਨੂੰ ਅੰਕਾਂ ਵਿੱਚ ਤਰਜੀਹ ਦਿੱਤੀ ਜਾਵੇਗੀ।
6. ਸੰਗਤ ਵੱਜੋਂ ਵਿਦਿਆਰਥੀ ਇਲੈਕਟਰੋਨਿਕ ਯੰਤਰ ਦਾ ਪ੍ਰਯੋਗ ਕਰ ਸਕਦੇ ਹਨ।
7. ਜੇਕਰ ਪ੍ਰਤੀਯੋਗੀ ਨਿਰਧਾਰਿਤ ਰਾਗ ਵਿਚ ਸ਼ਬਦ ਗਾਇਨ ਨਹੀਂ ਕਰਦਾ ਤਾਂ ਉਸ ਨੂੰ ਅਯੋਗ ਕਰਾਰ ਨਹੀਂ ਦਿੱਤਾ ਜਾਵੇਗਾ।
8. ਵੀਡਿਓ ਬਣਾਉਣ ਸਮੇਂ ਸਿਰਫ ਪ੍ਰਤੀਯੋਗੀ ਦੀ ਹੀ ਵੀਡਿਓ ਬਣਾਈ ਜਾਵੇ।
9. ਸ਼ਬਦ ਗਾਇਨ ਸਮੇਂ ਸਿੱਖ ਮਰਿਆਦਾ ਦਾ ਪੂਰਾ ਧਿਆਨ ਰੱਖਿਆ ਜਾਵੇ।

**ਜੱਜਮੈਂਟ ਲਈ ਮਾਪਦੰਡ ਅਤੇ ਅੰਕ ਵੰਡ:-**

| | |
|---|---|
| ਸੁਰ ਅਤੇ ਤਾਲ:- | 5 ਅੰਕ |
| ਉਚਾਰਣ ਸ਼ੈਲੀ:- | 5 ਅੰਕ |
| ਗਾਇਨ ਸ਼ੈਲੀ ਅਤੇ ਲੈਅ:- | 10 ਅੰਕ |
| ਆਪਸੀ ਤਾਲਮੇਲ:- | 5 ਅੰਕ |
| ਸਮੁੱਚਾ ਪ੍ਰਭਾਵ (ਸਵੈਵਿਸ਼ਵਾਸ਼ ਤੇ ਵੀਡੀਓਗ੍ਰਾਫੀ ਆਦਿ):- | 5 ਅੰਕ |

ਜੇ. 30/6/20
Director
S.C.E.R.T. Pb.

## II.ਗੀਤ

(ਨੋਟ:-ਇਸ ਮੁਕਾਬਲੇ ਲਈ ਗੀਤ ਸਿਰਫ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਉਸਤਤਿ, ਜੀਵਨ, ਸਿਖਿਆਵਾਂ ਅਤੇ ਕੁਰਬਾਨੀ ਨਾਲ ਸੰਬੰਧਤ ਹੋਣਗੇ।)

1. ਸਮਾਂ (ਸਾਰੇ ਵਰਗਾਂ ਲਈ):- 3 ਤੋਂ 4 ਮਿੰਟ
2. ਗੀਤ ਪੜ੍ਹ ਕੇ ਨਹੀਂ ਗਾਏ ਜਾਣਗੇ।
3. ਗੀਤ ਗਾਉਣ ਵਾਲਾ ਵਿਅਕਤੀ ਕੋਈ ਵੀ ਪਹਿਰਾਵਾ ਪਹਿਨ ਸਕਦਾ ਹੈ।
4. ਗੀਤ ਵਿਚ ਲੋੜ ਅਨੁਸਾਰ ਸ਼ਾਜ ਦੀ ਵਰਤੋਂ ਕੀਤੀ ਜਾ ਸਕਦੀ ਹੈ।
5. ਪ੍ਰਤੀਯੋਗੀ ਤੋਂ ਇਲਾਵਾ ਸਿਰਫ ਇੱਕ ਹੀ ਸਾਜ਼ਿੰਦਾ ਸਾਜ਼ ਵਜਾਉਣ ਲਈ ਗਾਇਕ ਦਾ ਸਾਥ ਦੇ ਸਕਦਾ ਹੈ।
6. ਸਿਰਫ ਗੀਤ ਗਾਉਣ ਵਾਲੇ ਵਿਦਿਆਰਥੀ ਦੀ ਹੀ ਵੀਡੀਓ ਬਣਾਈ ਜਾਵੇ।
7. ਗੀਤ ਦਾ ਸਮਾਂ ਵਿਦਿਆਰਥੀ ਦੇ ਸੰਬੋਧਨ ਕਰਨ ਦੇ ਸਮੇਂ ਤੋਂ ਨੋਟ ਕੀਤਾ ਜਾਵੇਗਾ, ਭਾਵ ਜੋ ਕੁਝ ਵਿਦਿਆਰਥੀ ਬੋਲਦਾ ਹੈ, ਸਮੇਂ ਦੀ ਹੱਦ ਵਿਚ ਸ਼ਾਮਿਲ ਕੀਤਾ ਜਾਵੇਗਾ।

**ਜੱਜਮੈਂਟ ਲਈ ਮਾਪਦੰਡ ਅਤੇ ਅੰਕ ਵੰਡ:-**

| | |
|---|---|
| ਗੀਤ ਦੀ ਪੇਸ਼ਕਾਰੀ: | 5 ਅੰਕ |
| ਲੈਅ ਅਤੇ ਅਵਾਜ਼: | 10 ਅੰਕ |
| ਸ਼ੁੱਧ ਉਚਾਰਨ: | 5 ਅੰਕ |
| ਸਾਜਾਂ ਨਾਲ ਤਾਲਮੇਲ: | 5 ਅੰਕ |
| ਸਮੁੱਚਾ ਪ੍ਰਭਾਵ (ਸਵੈਵਿਸ਼ਵਾਸ਼ ਤੇ ਵੀਡੀਓਗ੍ਰਾਫੀ ਆਦਿ): | 5 ਅੰਕ |

**ਨੋਟ:- ਪ੍ਰਤੀਯੋਗੀ ਇਲੈਕਟ੍ਰਾਨਿਕ ਸਾਜ਼ਾਂ ਦੀ ਵਰਤੋਂ ਕਰ ਸਕਦੇ ਹਨ।**

Director
S.C.E.R.T. Pb.

# III.ਕਵਿਤਾ ਉਚਾਰਨ

(ਨੋਟ:- ਕਵਿਤਾ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ, ਕੁਰਬਾਨੀ, ਉਸਤਤਿ, ਸਿੱਖਿਆਵਾਂ ਅਤੇ ਫਲਸਫੇ ਨਾਲ ਸੰਬੰਧਿਤ ਹੋਣੀ ਚਾਹੀਦੀ ਹੈ।)

**ਨਿਯਮ:-**

1. ਸਮਾਂ (ਸਾਰੇ ਵਰਗਾਂ ਲਈ):- 3 ਤੋਂ 5 ਮਿੰਟ
2. ਕਵਿਤਾ ਪੜ੍ਹਕੇ ਨਹੀਂ ਬੋਲੀ ਜਾਵੇਗੀ।
3. ਇਸ ਵਿਚ ਸਾਜ਼ ਵਰਤਣ ਦੀ ਮਨਾਹੀ ਹੈ।
4. ਕਵਿਤਾ ਦਾ ਮਾਧਿਅਮ ਪੰਜਾਬੀ/ਅੰਗਰੇਜੀ/ਹਿੰਦੀ/ਕੋਈ ਵੀ ਹੋ ਸਕਦਾ ਹੈ।
5. ਕਵਿਤਾ ਦਾ ਸਮਾਂ ਪ੍ਰਤੀਯੋਗੀ ਦੇ ਸੰਬੋਧਨ ਕਰਨ ਦੇ ਸਮੇਂ ਤੋਂ ਨੋਟ ਕੀਤਾ ਜਾਵੇਗਾ।
6. ਕਵਿਤਾ ਬੋਲਣ ਵਾਲੇ ਵਿਦਿਆਰਥੀ ਦੀ ਹੀ ਵੀਡਿਓ ਬਣਾਈ ਜਾਵੇ।
7. ਕਵਿਤਾ ਬੋਲਣ ਸਮੇਂ ਵੀਡਿਓ ਲਗਾਤਾਰਤਾ ਵਿੱਚ ਬਣਾਈ ਜਾਵੇ, ਭਾਵ ਕੱਟ-ਕੱਟ ਕੇ ਨਾ ਬਣਾਈ ਜਾਵੇ।

**ਜੱਜਮੈਂਟ ਦੇ ਮਾਪ ਦੰਡ:-**

| | |
|---|---|
| ਕਵਿਤਾ ਦੇ ਵਿਸ਼ੇ ਦੀ ਚੋਣ: | 5 ਅੰਕ |
| ਕਵਿਤਾ ਦੇ ਭਾਵਾਂ ਨਾਲ ਇੱਕਸੁਰਤਾ ਤੇ ਸੁਭਾਵਿਕਤਾ: | 5 ਅੰਕ |
| ਕਵਿਤਾ ਦੀ ਪੇਸ਼ਕਾਰੀ: | 10 ਅੰਕ |
| ਸਮੁੱਚਾ ਪ੍ਰਭਾਵ ((ਸਵੈਵਿਸ਼ਵਾਸ਼ ਤੇ ਵੀਡੀਓਗ੍ਰਾਫੀ ਆਦਿ):- | 5 ਅੰਕ |
| ਉਚਾਰਨ: | 5 ਅੰਕ |

30/6/20
Director
S.C.E.R.T. Pb.

# IV. ਭਾਸ਼ਣ ਮੁਕਾਬਲਾ

(ਨੋਟ:-ਭਾਸ਼ਣ ਕੇਵਲ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਉਸਤਤਿ, ਜੀਵਨ, ਕੁਰਬਾਨੀ, ਸਿਖਿਆਵਾਂ ਅਤੇ ਫਲਸਫੇ 'ਤੇ ਅਧਾਰਿਤ ਹੋਵੇਗਾ।)

ਨਿਯਮ:-

1. ਸਮਾਂ (ਸਾਰੇ ਵਰਗਾਂ ਲਈ) 3 ਤੋਂ 4 ਮਿੰਟ
2. ਭਾਸ਼ਣ ਪੜ੍ਹ ਕੇ ਨਹੀਂ ਬੋਲਿਆ ਜਾਵੇਗਾ।
3. ਭਾਸ਼ਣ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜੀ/ਉਰਦੂ ਕੋਈ ਵੀ ਹੋ ਸਕਦਾ ਹੈ।
4. ਭਾਸ਼ਣ ਦਾ ਸਮਾਂ ਸੰਬੋਧਨ ਕਰਨ ਦੇ ਸਮੇਂ ਤੋਂ ਨੋਟ ਕੀਤਾ ਜਾਵੇਗਾ, ਭਾਵ ਜੋ ਕੁਝ ਵੀ ਵਿਦਿਆਰਥੀ ਬੋਲਦਾ ਹੈ ਸਮੇਂ ਦੀ ਹੋਂਦ ਵਿਚ ਸ਼ਾਮਿਲ ਕੀਤਾ ਜਾਵੇਗਾ।

**ਜੱਜਮੈਂਟ ਲਈ ਮਾਪਦੰਡ ਅਤੇ ਅੰਕ ਵੰਡ:-**

| | |
|---|---|
| ਵਿਸ਼ਾ ਵਸਤੂ:- | 10 ਅੰਕ |
| ਭਾਸ਼ਾ:- | 5 ਅੰਕ |
| ਉਚਾਰਣ:- | 5 ਅੰਕ |
| ਸਹਿ-ਸੁਭਾਵਿਕਤਾ:- | 5 ਅੰਕ |
| ਸਮੁੱਚਾ ਪ੍ਰਭਾਵ (ਸਵੈਵਿਸ਼ਵਾਸ਼ ਤੇ ਵੀਡੀਓਗ੍ਰਾਫੀ ਆਦਿ):- | 5 ਅੰਕ |

ਸ. 30/6/20
Director
S.C.E.R.T. Pb.

# V. ਸੰਗੀਤਕ ਸਾਜੋ ਸਮਾਨ

(ਜਿਵੇਂ ਹਰਮੋਨੀਅਮ, ਤਬਲਾ, ਢੋਲਕ, ਤੂੰਬੀ, ਬੰਸਰੀ, ਸਾਰੰਗੀ,ਢੱਡ)।

**ਨਿਯਮ:-**

1. ਸਮਾਂ:- ਪ੍ਰਾਇਮਰੀ ਵਰਗ: 3-5 ਮਿੰਟ

   ਮਿਡਲ ਅਤੇ ਸੈਕੰਡਰੀ: 4-6 ਮਿੰਟ

2. ਸੰਗੀਤਕ ਸਾਜ਼ੋ-ਸਮਾਨ ਵਜਾਉਣ ਮੁਕਾਬਲੇ ਵਿਚ ਕੇਵਲ ਇੱਕ ਵਿਦਿਆਰਥੀ ਹੀ ਭਾਗ ਲੈ ਸਕਦਾ।

3. ਇਸ ਮੁਕਾਬਲੇ ਤਹਿਤ (ਹਰਮੋਨੀਅਮ, ਤਬਲਾ, ਢੋਲਕ, ਤੂੰਬੀ, ਬੰਸਰੀ, ਸਾਰੰਗੀ, ਢੱਡ) ਸਾਜ਼ਾਂ ਚੋਂ ਕਿਸੇ ਇੱਕ ਸਾਜ਼ ਰਾਹੀਂ ਹੀ ਪ੍ਰਤੀਯੋਗੀ ਆਪਣੀ ਕਲਾ ਦੀ ਪੇਸ਼ਕਾਰੀ ਕਰ ਸਕਦਾ ਹੈ।

4. ਸੰਗਤ ਕਰਨ ਵਾਲੇ ਸ਼ਾਜਿਦੇ ਜਾਂ ਇਲਟੈਕਟੋਰਿਨਕ ਆਈਟਮ ਦਾ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ। ਭਾਵ ਨਗਮਾ ਪੇਟੀ।

5. ਸਿਰਫ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਜਾਂ ਉਨ੍ਹਾਂ ਨਾਲ ਸਬੰਧਤ ਗੀਤਾਂ ਦੀਆਂ ਧੁਨਾਂ ਵਜਾਉਣ ਦੀ ਆਗਿਆ ਹੋਵੇਗੀ।

**ਜੱਜਮੈਂਟ ਲਈ ਮਾਪ-ਦੰਡ ਅਤੇ ਅੰਕ ਵੰਡ**

| | |
|---|---|
| ਪੇਸ਼ਕਾਰੀ - | 10 ਅੰਕ |
| ਤਾਲਮੇਲ- | 10 ਅੰਕ |
| ਸਮੁੱਚਾ-ਪ੍ਰਭਾਵ (ਸਵੈਵਿਸ਼ਵਾਸ਼ ਤੇ ਵੀਡੀਓਗ੍ਰਾਫੀ ਆਦਿ)- | 10 ਅੰਕ |

30/6/20

Director

S.C.E.R.T. Pb.

# VI.ਪੋਸਟਰ ਮੇਕਿੰਗ

**ਨਿਯਮ**

1. ਸਮਾਂ ਸਾਰੇ ਵਰਗਾਂ ਲਈ:- 3 ਘੰਟੇ
2. ਪੋਸਟਰ ਮੇਕਿੰਗ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਧਿਆਨ ਦੇਣ ਕਿ ਪੋਸਟਰ ਦਾ ਟਾਈਟਲ ਲਿਖਿਆ ਜਾਵੇਗਾ।
3. ਪੋਸਟਰ ਤੇ ਹਾਸ਼ੀਆ ਲਗਾਇਆ ਜਾ ਸਕਦਾ ਹੈ।
4. ਪੋਸਟਰ ਕੰਪੋਜੀਸ਼ਨ ਤੇ ਮਾਡਰਨ ਵਰਕ ਵੀ ਕੀਤਾ ਜਾ ਸਕਦਾ ਹੈ।
5. ਪੋਸਟਰ ਦਾ ਥੀਮ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਜੀਵਨੀ ਅਤੇ ਫਲਸਫੇ ਨਾਲ ਸੰਬੰਧਿਤ ਹੀ ਬਣਾਇਆ ਜਾਵੇ।
6. ਪੋਸਟਰ ਬਣਾਉਣ ਲਈ ਕਿਸੇ ਵੀ ਤਰ੍ਹਾਂ ਦੇ ਰੰਗ ਭਰੇ ਜਾ ਸਕਦੇ ਹਨ। ਜੇਕਰ ਪੋਸਟਰ ਕਲਰ ਦੀ ਵਰਤੋਂ ਕੀਤੀ ਜਾਵੇ ਤਾਂ ਉਚਿਤ ਹੋਵੇਗਾ।

**ਜੱਜਮੈਂਟ ਕਰਨ ਲਈ ਮਾਪਦੰਡ:-**

| | |
|---|---|
| ਆਪਾ ਪ੍ਰਗਟਾਅ- | 5 ਅੰਕ |
| ਡਰਾਇੰਗ- | 10 ਅੰਕ |
| ਰੰਗ ਯੋਜਨਾ- | 5 ਅੰਕ |
| ਸਮੁੱਚਾ ਪ੍ਰਭਾਵ- | 10 ਅੰਕ |

30/6/20
Director
S.C.E.R.T. Pb.

# VII.ਪੇਂਟਿੰਗ ਮੁਕਾਬਲਾ

ਨੋਟ:-ਸਾਰੇ ਵਰਗਾਂ ਲਈ ਚਿੱਤਰ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਜੀਵਨ ਅਤੇ ਫਲਸਫੇ ਨਾਲ ਸਬੰਧਿਤ ਹੋਣਗੇ। ਗੁਰੂ ਸਾਹਿਬਾਨ ਦਾ ਸਰੂਪ, ਚਿੱਤਰ ਬਣਾਉਣ ਦੀ ਸਖਤ ਮਨਾਹੀ ਹੈ। (ਸ੍ਰੀ ਅਕਾਲ ਤਖਤ ਸਾਹਿਬ ਵੱਲੋਂ) ਗੁਰੂ ਸਾਹਿਬ ਨੂੰ ਕੇਵਲ ਪ੍ਰਕਾਸ਼ ਰੂਪ/ਪਰਛਾਵੇ, ਸੰਕੇਤਕ ਤੌਰ ਤੇ ਹੀ ਦਿਖਾਇਆ ਜਾ ਸਕਦਾ ਹੈ।

**ਨਿਯਮ:-**

1. ਸਮਾਂ (ਸਾਰੇ ਵਰਗਾਂ ਲਈ):- 03 ਘੰਟੇ
2. ਸ਼ੀਟ ਦਾ ਆਕਾਰ:-

   ਪ੍ਰਾਇਮਰੀ ਵਰਗ: 11"X15" (1/4)

   ਮਿਡਲ ਅਤੇ ਸੈਕੰਡਰੀ ਵਰਗ: 20"X15" (1/2)

   ਸ਼ੀਟ ਦਾ ਆਕਾਰ ਇੰਨ-ਬਿੰਨ ਰੱਖਿਆ ਜਾਵੇਗਾ ਨਹੀਂ ਤਾਂ ਮੁਕਾਬਲਾ ਰੱਦ ਸਮਝਿਆ ਜਾਵੇਗਾ।
3. ਚਿੱਤਰਕਲਾ, ਵਾਟਰਕਲਰ, ਆਇਲ ਪੇਸਟਲ ਕਲਰ, ਪੈਨਸਿਲ ਕਲਰ ਤੇ ਅਕ੍ਰੈਲਿਕ ਕਲਰ ਦੁਆਰਾ ਹੀ ਕੀਤੀ ਜਾਵੇਗੀ।
4. ਸ਼ੀਟ ਦਾ ਹਾਸ਼ੀਆ ਨਹੀਂ ਲਗਾਇਆ ਜਾਵੇਗਾ।
5. ਸ਼ੀਟ ਤੇ ਕੋਈ ਵੀ ਟਾਈਟਲ ਨਹੀਂ ਲਿਖਿਆ ਜਾਵੇਗਾ, ਕੇਵਲ ਤੁਹਾਡੀ ਪੇਸ਼ਕਾਰੀ ਹੀ ਵਿਸ਼ੇ ਨੂੰ ਦਰਸਾਏਗੀ।
6. ਪੋਸਟਰ ਬਣਾਉਣ ਤੋਂ ਗੁਰੇਜ ਕੀਤਾ ਜਾਵੇ ਜੀ।

**ਜੱਜਮੈਂਟ ਲਈ ਮਾਪਦੰਡ:-**

| | |
|---|---|
| ਆਪਾ ਪ੍ਰਗਟਾਅ:- | 5 ਅੰਕ |
| ਡਰਾਇੰਗ ਦੇ:- | 10 ਅੰਕ |
| ਰੰਗ ਯੋਜਨਾ ਦੇ- | 5 ਅੰਕ |
| ਲਾਈਟ ਐਂਡ ਸ਼ੇਡ- | 5 ਅੰਕ |
| ਸਮੁੱਚਾ ਪ੍ਰਭਾਵ:- | 5 ਅੰਕ |

30/6/20
Director
S.C.E.R.T. Pb.

# VIII. ਸਲੋਗਨ ਲਿਖਣ ਮੁਕਾਬਲਾ

ਨਿਯਮ:-

1. ਸਮਾਂ:-

ਪ੍ਰਾਇਮਰੀ ਵਰਗ: 1 ਘੰਟਾ

ਮਿਡਲ ਤੇ ਸੈਕੰਡਰੀ ਵਰਗ: 2 ਘੰਟੇ

2. ਸ਼ੀਟ ਦਾ ਆਕਾਰ:-

ਪ੍ਰਾਇਮਰੀ ਵਰਗ ਲਈ ਸ਼ੀਟ ਦਾ ਅਕਾਰ: 11 ਇੰਚ X 15 ਇੰਚ (1/4)

ਮਿਡਲ ਤੇ ਸੈਕੰਡਰੀ ਵਰਗ ਲਈ ਸ਼ੀਟ ਦਾ ਅਕਾਰ: 20 ਇੰਚ X 15 ਇੰਚ (1/2)

ਆਨਲਾਈਨ ਮੁਕਾਬਲੇ ਦੌਰਾਨ ਸ਼ੀਟ ਦਾ ਅਕਾਰ ਉਪਰੋਤਕ ਮਿਣਤੀ ਅਨੁਸਾਰ ਰੱਖਿਆ ਜਾਵੇ।

ਨਿਯਮ:-

1. ਸਲੋਗਨ ਘੱਟੋ-ਘੱਟ 3 X 5 ਇੰਚ ਵਿੱਚ ਲਿਖਿਆ ਜਾਵੇ।
2. ਸਲੋਗਨ ਲਿਖਣ ਲੱਗਿਆ ਉੱਪਰ-ਥੱਲੇ ਤੇ ਸੱਜੇ-ਖੱਬੇ ਸਪੇਸ ਦੀ ਬਰਾਬਰਤਾ ਦਾ ਧਿਆਨ ਰੱਖਿਆ ਜਾਵੇ।
3. ਸਲੋਗਨ ਨੂੰ ਵਧੀਆ ਬਣਾਉਣ ਲਈ 3 ਡੀ ਰੂਪ ਵਿੱਚ ਵੀ ਬਣਾਇਆ ਜਾ ਸਕਦਾ ਹੈ।
4. ਸਲੋਗਨ ਕਿਸੇ ਵੀ ਭਾਸ਼ਾ 'ਚ ਕਿਸੇ ਵੀ ਰੰਗ ਨਾਲ ਬਣਾਇਆ ਜਾ ਸਕਦਾ ਹੈ।

**ਜੱਜਮੈਂਟ ਲਈ ਮਾਪਦੰਡ:-**

| | |
|---|---|
| ਆਪਾ ਪ੍ਰਗਟਾਅ- | 5 ਅੰਕ |
| ਡਰਾਇੰਗ- | 10 ਅੰਕ |
| ਰੰਗ ਯੋਜਨਾ- | 5 ਅੰਕ |
| ਸਮੁੱਚਾ ਪ੍ਰਭਾਵ- | 10 ਅੰਕ |

ਨ. 30/6/20
Dir. S.C.E.R.T. Pb.

# IX. ਸੁੰਦਰ ਲਿਖਾਈ ਮੁਕਾਬਲਾ

**ਨਿਯਮ:**

1. ਸਮਾਂ:- ਪ੍ਰਾਇਮਰੀ ਅਤੇ ਮਿਡਲ ਪੱਧਰ: 40 ਮਿੰਟ

   ਸੈਕੰਡਰੀ ਪੱਧਰ: 30 ਮਿੰਟ

2. ਸੁੰਦਰ ਲਿਖਾਈ ਲਈ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ ਕੋਈ ਇੱਕ ਸਲੋਕ ਜਾਂ ਸ਼ਬਦ ਲਿਖਿਆ ਜਾ ਸਕਦਾ ਹੈ।

3. ਵਿਦਿਆਰਥੀ ਨੂੰ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ ਕੋਈ ਇੱਕ ਸਲੋਕ ਜਾਂ ਸ਼ਬਦ ਸਹੀ ਲਿਖਣਾ ਜ਼ਰੂਰੀ ਹੋਵੇਗਾ। ਇਸ ਨੂੰ ਲਿਖਣ ਲੱਗੇ ਗੁਰੂ ਸਿੱਖ ਮਰਿਆਦਾ ਦਾ ਖਾਸ ਧਿਆਨ ਰੱਖਿਆ ਜਾਵੇ।

4. ਪ੍ਰਾਇਮਰੀ ਵਰਗ ਲਈ ਸੁੰਦਰ ਲਿਖਾਈ ਦਾ ਪੈਰ੍ਹਾ ਲਗਭਗ 35 ਸ਼ਬਦਾਂ ਦਾ ਅਤੇ ਮਿਡਲ ਅਤੇ ਸੈਕੰਡਰੀ ਪੱਧਰ ਲਈ ਲਗਭਗ 50 ਸ਼ਬਦਾਂ ਦਾ ਹੋਵੇਗਾ।

5. ਸੁੰਦਰ ਲਿਖਾਈ ਕਰਨ ਲਈ ਯੋਗ ਸਮੱਗਰੀ ਜਿਵੇ ਕਾਨੇ, ਬਾਂਸ, ਤੇ ਬਰੂ ਦੀ ਕਲਮ, ਸਿਆਹੀ ਅਤੇ ਵਧੀਆ ਕਾਗਜ਼ ਆਦਿ ਦੀ ਵਰਤੋਂ ਲਾਜ਼ਮੀ ਹੈ।

6. ਹਰ ਵਰਗ ਦੇ ਵਿਦਿਆਰਥੀ ਸਾਦੀ ਕਾਲੀ/ਨੀਲੀ ਸਿਆਹੀ ਦੀ ਵਰਤੋਂ ਕਰਨਗੇ। ਕਿਸੇ ਵੀ ਕਿਸਮ ਦੇ ਪੈਨ, ਨਿੱਬ ਅਤੇ ਹੋਰ ਕਿਸੇ ਕਿਸਮ ਦੇ ਫਲਿਊਡ ਦੀ ਵਰਤੋਂ ਦੀ ਮਨਾਹੀ ਹੈ।

**ਜੱਜਮੈਂਟ ਕਰਨ ਲਈ ਮਾਪਦੰਡ ਅਤੇ ਅੰਕ ਵੰਡ:-**

| | | |
|---|---|---|
| 1. | ਪ੍ਰੈਰੇ ਨੂੰ ਸਾਫ ਅਤੇ ਸੁੰਦਰ ਲਿਖਣਾ:- | 4 ਅੰਕ |
| 2. | ਲਿਖਾਈ ਵਿੱਚ ਸ਼ਬਦ ਜੋੜਾਂ ਦੀ ਸ਼ੁੱਧਤਾ, ਪੜ੍ਹਨਯੋਗ, ਬਿਨਾਂ ਕਟਿੰਗ, ਬਿਨਾਂ ਗਲਤੀ, ਅੱਖਰਾਂ ਅਤੇ ਲਗਾਂ ਮਾਤਰਾਵਾਂ ਦੀ ਠੀਕ ਬਣਾਵਟ:- | 8 ਅੰਕ |
| 3. | ਮੌਲਿਕਤਾ, ਅੱਖਰਾਂ ਅਤੇ ਲਗਾਂ ਦੀ ਇੱਕਸਾਰਤਾ:- | 7 ਅੰਕ |
| 4. | ਲਿਖਾਈ ਦੀ ਇੱਕਸਾਰਤਾ, ਅੱਖਰਾਂ ਅਤੇ ਸ਼ਬਦਾਂ ਵਿੱਚ ਆਪਸੀ ਫਾਸਲਾ, ਸ਼ੀਟ ਉੱਤੇ ਲਿਖੇ ਅੱਖਰਾਂ ਵਿੱਚ ਫਾਸਲੇ ਦੀ ਇੱਕਸਾਰਤਾ:- | 7 ਅੰਕ |
| 5. | ਸਮੁੱਚਾ ਪ੍ਰਭਾਵ :- | 4 ਅੰਕ |

30/6/20
Director

# X. ਪੀ.ਪੀ.ਟੀ. ਮੇਕਿੰਗ

(ਨੋਟ: ਵਿਦਿਆਰਥੀ ਸਿਰਫ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ, ਬਾਣੀ, ਸਿਖਿਆਵਾਂ, ਉਸਤਤਿ ਤੇ ਫਲਸਫੇ ਸਬੰਧੀ ਪੀ.ਪੀ.ਟੀ. ਬਣਾਉਣਗੇ।)

**ਨਿਯਮ:-**

1. ਸਮਾਂ (ਸਾਰੇ ਵਰਗਾਂ ਲਈ):- 4 ਤੋਂ 5 ਮਿੰਟ (Presentation ਦੇਣ ਦਾ)
2. ਤਸਵੀਰਾਂ ਕੇਵਲ ਗੁਰੂ ਸਾਹਿਬ ਜੀ ਨਾਲ ਸਬੰਧਤ ਹੋਣ।
3. ਤਸਵੀਰਾਂ ਸਬੰਧੀ ਦਿੱਤੀ ਗਈ ਡਿਟੇਲ ਦਾ ਉਚਾਰਨ ਸ਼ੁੱਧ ਹੋਣਾ ਚਾਹੀਦਾ ਹੈ।
4. ਲਿਖਤ ਰੂਪ ਵਾਲੀ ਪੇਸ਼ਕਾਰੀ ਵਿੱਚ ਸ਼ਬਦ ਜੋੜ ਸ਼ੁੱਧ ਹੋਣੇ ਚਾਹੀਦੇ ਹਨ।
5. Background ਸੰਗੀਤ ਤਸਵੀਰਾਂ ਨਾਲ ਢੁਕਵਾਂ ਹੋਣਾ ਚਾਹੀਦਾ ਹੈ।

**ਜੱਜਮੈਂਟ ਲਈ ਅੰਕ:**

| | |
|---|---|
| ਉਚਾਰਨ: | 5 ਅੰਕ |
| ਢੁਕਵੀਆਂ ਤਸਵੀਰਾਂ: | 5 ਅੰਕ |
| ਪ੍ਰਤੀਯੋਗੀ ਦੀ ਅਵਾਜ਼ ਤੇ ਹਾਵ-ਭਾਵ: | 5 ਅੰਕ |
| ਗੀਤ-ਸੰਗੀਤ: | 5 ਅੰਕ |
| ਸਮੱਚਾ ਪ੍ਰਭਾਵ:- | 5 ਅੰਕ |

ਨੇ· 30|6|20

# XI. ਦਸਤਾਰਬੰਦੀ ਮੁਕਾਬਲੇ

**ਨਿਯਮ:-**

1. ਦਸਤਾਰ ਸਜਾਉਣ ਦਾ ਸਮਾਂ 8 ਤੋਂ 10 ਮਿੰਟ ਹੋਵੇਗਾ।
2. ਦਸਤਾਰ ਦੀ ਲੰਬਾਈ ਘੱਟੋ-ਘੱਟ 6 ਮੀਟਰ ਹੋਣੀ ਚਾਹੀਦੀ ਹੈ।
3. ਪ੍ਰਤੀਯੋਗੀ ਦਸਤਾਰ ਸਜਾਉਣ ਉਪਰੰਤ ਸਾਹਮਣੇ, ਖੱਬੇ, ਸੱਜੇ, ਉੱਪਰ ਤੇ ਪਿਛਲੇ ਪਾਸੇ ਦੀ ਇੱਕ-ਇੱਕ ਤਸਵੀਰ ਭੇਜੇਗਾ।
4. ਦਸਤਾਰਬੰਦੀ ਪ੍ਰਤੀਯੋਗਤਾ ਦੀ ਜੱਜਮੈਂਟ ਕੁੱਲ 30 ਅੰਕਾਂ ਵਿੱਚੋਂ ਕੀਤੀ ਜਾਵੇਗੀ। ਅੰਕਾਂ ਦੀ ਵੰਡ ਜੱਜਾਂ ਦੁਆਰਾ ਆਪਣੇ ਪੱਧਰ ਤੇ ਕੀਤੀ ਜਾਵੇਗੀ।

30/6/12.
Director
S.C.E.R.T. Pb.